A program of the Provincial Health Services Authority

THE
# Provincial Language Service

## ਸਿਹਤ ਸੰਭਾਲ ਦੇ ਪੇਸ਼ਾਵਰ ਦੁਭਾਸ਼ੀਏ ਕੌਣ ਹਨ?

ਸਿਹਤ ਸੰਭਾਲ ਦੇ ਪੇਸ਼ਾਵਰ ਦੁਭਾਸ਼ੀਆਂ ਨੂੰ ਭਾਸ਼ਾ ਅਤੇ ਅਨੁਵਾਦ ਦੇ ਹੁਨਰਾਂ ਵਿਚ ਸਿਖਲਾਈ ਮਿਲੀ ਹੁੰਦੀ ਹੈ। ਉਹ ਭਾਸ਼ਾ ਬੋਲਣ ਵਿਚ ਸਰਲ ਹੁੰਦੇ ਹਨ ਅਤੇ ਹੇਠ ਲਿਖੇ ਅਸੂਲਾਂ ਦੀ ਪਾਲਣਾ ਕਰਦੇ ਹਨ:

- ਭੇਤਦਾਰੀ
- ਦਰੁਸਤੀ
- ਨਿਰਪੱਖਤਾ

ਇਸ ਤੋਂ ਇਲਾਵਾ ਸਿਹਤ ਸੰਭਾਲ ਦੇ ਪੇਸ਼ਾਵਰ ਦੁਭਾਸ਼ੀਆਂ ਨੂੰ ਸਿਹਤ ਸੰਭਾਲ ਪ੍ਰਣਾਲੀ ਸਮਝਣ ਲਈ ਸਿੱਖਿਆ ਦਿੱਤੀ ਗਈ ਹੁੰਦੀ ਹੈ। ਸਿਹਤ ਸੰਭਾਲ ਦੇ ਦੁਭਾਸ਼ੀਏ ਕਾਊਂਸਲਰ ਜਾਂ ਸਲਾਹਕਾਰ ਨਹੀਂ ਹੁੰਦੇ, ਪਰ ਉਹ ਕਲਾਇੰਟਸ ਨੂੰ ਅਤੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਿਆਂ ਨੂੰ ਪ੍ਰਭਾਵਸ਼ਾਲੀ, ਨਿਪੁੰਨ, ਅਤੇ ਸਹੀ ਗੱਲਬਾਤ ਕਰਨ ਵਿਚ ਸਹਾਇਤਾ ਕਰ ਸਕਦੇ ਹਨ।

## ਸਿਹਤ ਸੰਭਾਲ ਲਈ ਦੁਭਾਸ਼ੀਏ ਮਹੱਤਵ ਪੂਰਨ ਕਿਉਂ ਹਨ?

ਬਹੁਤ ਲੋਕ ਜੋ ਅੰਗਰੇਜ਼ੀ ਸਰਲਤਾ ਨਾਲ ਨਹੀਂ ਬੋਲ ਸਕਦੇ ਡਾਕਟਰ ਦੇ ਜਾਣ ਲੱਗਿਆਂ, ਹਸਪਤਾਲ ਜਾਣ ਲੱਗਿਆਂ, ਜਾਂ ਆਪਣੇ ਬੱਚਿਆਂ ਦੀਆਂ ਸਿਹਤ ਸੰਭਾਲ ਦੀਆਂ ਲੋੜਾਂ ਸਮਝਣ ਸਮੇਂ ਆਪਣੇ ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ ਤੇ ਨਿਰਭਰ ਕਰਦੇ ਹਨ। ਇਹ ਚੋਣ ਜ਼ਰੂਰੀ ਨਹੀਂ ਹਰ ਸਮੇਂ ਸਭ ਤੋਂ ਵਧੀਆ ਹੀ ਹੋਵੇ। ਕਿਸੇ ਸਮੇਂ ਦੋਸਤ ਅਤੇ ਪਰਿਵਾਰ ਦੇ ਮੈਂਬਰ ਕੰਮ 'ਚ ਰੁੱਝੇ ਹੁੰਦੇ ਹਨ ਤੇ ਸਹਾਇਤਾ ਨਹੀਂ ਕਰ ਸਕਦੇ, ਕਿਸੇ ਸਮੇਂ ਉਹਨਾਂ ਦੀ ਅੰਗਰੇਜ਼ੀ ਐਨੀ ਵਧੀਆ ਨਹੀਂ ਹੁੰਦੀ ਤੇ ਜਾਂ ਸ਼ਾਇਦ ਉਹਨਾਂ ਨੂੰ ਸਿਹਤ ਸੰਭਾਲ ਪ੍ਰਣਾਲੀ ਦੀ ਸਮਝ ਨਾ ਹੋਵੇ। ਪਰਿਵਾਰ ਦੇ ਮੈਂਬਰਾਂ ਅਤੇ ਦੋਸਤਾਂ ਤੋਂ ਸਹਾਇਤਾ ਲੈਣ ਸਮੇਂ ਮਰੀਜ਼ ਦੀ ਨਿੱਜਤਾ ਅਤੇ ਭੇਤਦਾਰੀ ਨਹੀਂ ਰਹਿੰਦੀ, ਅਤੇ ਹੋਰ ਲੋਕਾਂ ਲਈ ਮਰੀਜ਼ ਦੇ ਮਸਲਿਆਂ ਵਿਚ ਸ਼ਾਮਲ ਹੋਣ ਦਾ ਰਾਹ ਖੁਲ੍ਹਦਾ ਹੈ।

## ਪ੍ਰਾਂਤਕ ਭਾਸ਼ਾਈ ਸੇਵਾ ਕੀ ਹੈ?

ਪ੍ਰਾਂਤਕ ਭਾਸ਼ਾਈ ਸੇਵਾ, ਜੋ ਕਿ ਪ੍ਰਾਂਤਕ ਸਿਹਤ ਸੇਵਾਵਾਂ ਦੀ ਸੰਸਥਾ ਦਾ ਇਕ ਭਾਗ ਹੈ, ਸਾਰੇ ਬ੍ਰਿਟਿਸ਼ ਕੋਲੰਬੀਆ ਦੀਆਂ ਕਮਿਊਨਿਟੀਆਂ ਵਿਚ 150 ਤੋਂ ਵੱਧ ਭਾਸ਼ਾਵਾਂ ਵਿਚ ਸਿਖਲਾਈ-ਪ੍ਰਾਪਤ ਦੁਭਾਸ਼ੀਏ ਪ੍ਰਦਾਨ ਕਰਦੀ ਹੈ; ਇਹ ਦੁਭਾਸ਼ੀਏ ਵੱਖਰੀ ਵੱਖਰੀ ਕਿਸਮ ਦੀਆਂ ਸਿਹਤ ਸੰਭਾਲ ਮੁਲਾਕਾਤਾਂ ਲਈ ਮਿਲ ਸਕਦੇ ਹਨ।

## ਕੀ ਸਿਹਤ ਸੰਭਾਲ ਲਈ ਦੁਭਾਸ਼ੀਏ ਲਾਜ਼ਮੀ ਹਨ?

ਬੀ.ਸੀ. ਵਿਚ ਡਾਕਟਰਾਂ ਅਤੇ ਹੋਰ ਸਿਹਤ ਸੰਭਾਲ ਪੇਸ਼ਾਵਰਾਂ ਲਈ ਦੁਭਾਸ਼ੀਏ ਵਰਤਣੇ ਲਾਜ਼ਮੀ ਨਹੀਂ। ਕਈ ਵਾਰ ਹੋ ਸਕਦਾ ਹੈ ਉਹਨਾਂ ਨੂੰ ਪਤਾ ਨਾ ਹੋਵੇ ਕਿ ਅਜਿਹੀਆਂ ਸੇਵਾਵਾਂ ਮੌਜੂਦ ਹਨ। ਤੁਸੀਂ ਆਪਣੇ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ, ਜੇ ਤੁਸੀਂ ਦੱਸਣ ਵਿਚ ਸੌਖ ਮਹਿਸੂਸ ਕਰਦੇ ਹੋ, ਤਾਂ ਦੱਸ ਸਕਦੇ ਹੋ ਕਿ ਪੇਸ਼ਾਵਰ ਦੁਭਾਸ਼ੀਏ ਮੌਜੂਦ ਹਨ। ਆਮ ਕਰਕੇ ਸਿਹਤ ਸੰਭਾਲ ਪੇਸ਼ਾਵਰਾਂ ਨੇ ਇਕ ਵਾਰ ਦੁਭਾਸ਼ੀਏ ਨਾਲ ਕੰਮ ਕਰਨ ਪਿਛੋਂ ਉਹਨਾਂ ਵੱਲੋਂ ਸਹਾਇਤਾ ਦੀ ਕਦਰ ਹੀ ਕੀਤੀ ਹੈ।

## ਹੋਰ ਜਾਣਕਾਰੀ ਲਈ

ਤੁਹਾਡਾ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ/ਵਾਲੀ ਹੋਰ ਜਾਣਕਾਰੀ ਲਈ ਪ੍ਰਾਂਤਕ ਭਾਸ਼ਾਈ ਸੇਵਾ ਨੂੰ 604-297-8400 ਜਾਂ 1-877-228-2557 ਤੇ ਫ਼ੋਨ ਕਰ ਸਕਦਾ/ਸਕਦੀ ਹੈ। ਜੇ ਤੁਸੀਂ ਵੀ ਦੁਭਾਸ਼ੀ ਸੇਵਾਵਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਤਾਂ ਫ਼ੋਨ ਕਰ ਸਕਦੇ ਹੋ।

ਸੰਪਰਕ ਲਈ ਜਾਣਕਾਰੀ:
1795 Willingdon Ave.,
Burnaby, BC V5C 6E3

Tel:
(604) 297-8400
Fax:
(604) 297-9304
Email:
pls@phsa.ca

**The Provincial Language Service**

*Quality Health Care… in any language*

Provincial Health Services Authority
Province-wide solutions.
Better health.